# ਤੇ ਸਾਧੂ ਹਰਿ ਮੇਲਹੁ ਸੁਆਮੀ

ਭੈਰਉ ਮਹਲਾ ੪ ॥

ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ ॥

ਤਿਨ ਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ਭੈਰਉ ਰਾਗ ਵਿਚ ਉਚਾਰਣ ਕੀਤਾ ਇਹ ਸ਼ਬਦ, ਪੰਨਾ ੧੧੩੫ ਤੇ, ਸੁਭਾਇਮਾਨ ਹੈ।

ਇਸ ਸ਼ਬਦ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ, ਸਾਧੂ ਦੀ ਸੰਗਤਿ ਅਤੇ ਸਾਧੂ ਦੀ ਕਿਰਪਾ ਦੀ ਅਤਿਅੰਤ ਲੋੜ ਦਸੀ ਹੈ। ਦਸ ਪਾਤਸ਼ਾਹ, ਸਾਧੂ ਰੂਪ ਹੀ ਹੋ ਕੇ ਆਏ ਸਨ। ਦਸਮ ਪਾਤਸ਼ਾਹ ਨੇ 'ਚੰਡੀ ਦੀ ਵਾਰ' ਦੀ ਪਹਿਲੀ ਪਉੜੀ ਵਿਚ ਸ੍ਰੀ ਅਕਾਲ ਪੁਰਖ ਸਾਹਿਬ ਜੀ ਦੇ ਸਿਮਰਣ ਤੋਂ ਬਾਅਦ, ਨੌਵੇਂ ਪਾਤਸ਼ਾਹ ਤਕ ਦੇ ਸਿਮਰਣ ਦਾ ਉਪਦੇਸ਼ ਦਿਤਾ ਹੈ - 'ਪ੍ਰਿਥਮ ਭਗਉਤੀ ਸਿਮਰ ਕੈ ਗੁਰੁ ਨਾਨਕ ਲਈ ਧਿਆਇ.......।।' ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੮੯ ਤੇ, ਸਵਈਏ ਮਹਲੇ ਪਹਿਲੇ ਵਿਚ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਗੁਣ ਗਾਇਨ ਕਰਨਾਂ ਮੌਜੂਦ ਹੈ - 'ਤਉ ਪਰਮ ਗੁਰੂ ਨਾਨਕ ਗੁਨ ਗਾਵਉ।।' ਸ੍ਰੀ ਗੁਰੂ ਅਰਜਨ ਸਾਹਿਬ ਦਾ ਵੀ ਜੋ ਜਾਪ ਜਪਦਾ ਹੈ, ਉਹ ਮੁੜ ਗਰਭ, ਜੂਨੀ ਦੇ ਸੰਕਟ ਵਿਚ ਨਹੀਂ ਪੈਂਦਾ - 'ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ।। ਜਪ੍ਯ‍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ।।' (ਅਜ ਸਿਖਾਂ ਨੂੰ '**ਅਵਤਾਰ**' ਸ਼ਬਦ ਤੋਂ ਵੀ ਐਲੱਰਜੀ ਹੈ। ਇਹ ਕੋਈ ਵਿਸ਼ਣੂ ਆਦਿ ਦੇ ਅਵਤਾਰ ਨਹੀਂ।) ਕਿਉਂਕਿ **ਭਗਤ** ਗੁਰੂ ਨਾਨਕ, ਹਰੀ ਦੇ ਇਸ ਭਵਨ ਸੰਸਾਰ ਵਿਚ **ਗੁਰ-ਪਰਮੇਸ਼ਰ** ਬਣ ਕੇ ਪ੍ਰਗਟ ਹੋਏ, ਪਾਰਬ੍ਰਹਮ ਦੀ ਥਾਂਵੇਂ ਆਏ - 'ਪ੍ਰਗਟੁ ਸਗਲ ਹਰਿ ਭਵਨ ਮਹਿ **ਜਨੁ** ਨਾਨਕੁ **ਗੁਰੁ ਪਾਰਬ੍ਰਹਮ**।।' ਗੁਰਬਾਣੀ ਦਾ ਫ਼ੁਰਮਾਣ ਹੈ ਕਿ **ਹਰੀ ਆਪ ਹੀ** ਜੋਤਿ ਸਰੂਪ ਹੋ ਕੇ **ਗੁਰੂ ਨਾਨਕ ਕਹਾਇਆ** - '**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ।।**' ਉਹ ਕੋਈ ਸਧਾਰਣ ਮਨੁਖ ਨਹੀਂ ਸਨ ਜੋ ਐਹ ਕਰ ਸਕਦੇ ਸਨ ਤੇ ਔਹ ਨਹੀਂ, ਸਿਰ ਕਟ ਕੇ ਜੋੜ ਸਕਦੇ ਸਨ ਕਿ ਨਹੀਂ, ਹਥ ਨਾਲ ਪਹਾੜ ਰੋਕ ਸਕਦੇ ਸਨ ਕਿ ਨਹੀਂ। ਮੱਕਾ ਘੁਮਾਇਆ ਕੇ ਨਹੀਂ, ਇਤਿ ਆਦਿ..। ਅਜੋਕੇ 'ਵਿਦਵਾਨਾਂ' ਨੇ ਤਾਂ ਅਸ਼ਰਧਾ ਦੀ ਅੱਤ ਚੁਕ ਲਈ ਹੈ। ਪਾਰਬ੍ਰਹਮ ਸ੍ਰਿਸ਼ਟੀ ਦਾ ਕਰਤਾ ਹੈ, ਸਭ ਕੁਝ ਕਰਣ ਜੋਗ ਹੈ, ਗੁਰੂ ਕਰਣ ਕਾਰਣ ਸਮਰੱਥ ਹੈ - 'ਕਿਤੁ

ਮੁਖਿ ਗੁਰੁ ਸਾਲਾਹੀਐ  ਕਰਣ ਕਾਰਣ ਸਮਰਥੁ।।' ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸਿਖੀ ਅਤੇ ਸੰਗਤਿ ਨੇ ਸਚਮੁਚ, ਪਾਰਬ੍ਰਹਮ ਕਰਕੇ ਨਮਸਕਾਰ ਕੀਤੀ, ਇਥੇ ਕੋਈ ਤਰਕ ਵਿਤਰਕ ਕੰਮ ਨਹੀਂ ਕਰਦਾ। ਸ੍ਰੀ ਗੁਰੂ ਰਾਮਦਾਸ ਸਾਹਿਬ ਲਈ ਇਹ ਗੁਰਬਾਣੀ ਦਾ ਹੁਕਮ ਹੈ - 'ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ।।', ਪੰਨਾ ੯੬੮. ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ 'ਵਾਹਗੁਰੂ' ਅਤੇ 'ਵਾਹਿਗੁਰੂ' ਗੁਰੂ ਨਾਨਕ ਦੀ ਜੋਤਿ ਲਈ ਹੀ ਵਰਤੇ ਗਏ ਹਨ, ਕਿਉਂਕਿ ਆਪ ਸ੍ਰੀ ਗੁਰੂ ਅਰਜਨ ਸਾਹਿਬ ਗੁਰਬਾਣੀ ਸਪੱਸ਼ਟ ਹੁਕਮ ਕਰਦੇ ਹਨ ਕਿ ਪਾਰਬ੍ਰਹਮ ਅਤੇ ਗੁਰੂ ਵਿਚ ਕੋਈ ਭੇਦ ਨਹੀਂ ਹੈ, ਇਹੀ ਸਿਮ੍ਰਿਤੀਆਂ ਅਤੇ ਵੇਦਾਂ ਆਦਿ ਨੂੰ ਸੋਧ ਕੇ ਵੀ ਮੱਤ ਸਾਹਮਣੇ ਆਉਂਦਾ ਹੈ - 'ਨਾਨਕ ਸੋਧੇ ਸਿਮ੍ਰਿਤਿ ਬੇਦ।। ਪਾਰਬ੍ਰਹਮ ਗੁਰ ਨਾਹੀ ਭੇਦ।।', ਪੰਨਾ ੧੧੪੨.

ਸੋ '**ਗੁਰੂ ਨਾਨਕ ਸਾਧੂ**' ਦਾ ਸਿਮਰਣ, ਪਰਵਾਨਤ ਹੈ। ਦ੍ਰੋਪਦੀ ਨੇ ਵੀ, ਸਮੇਂ ਦੇ, ਸਾਧੂ ਦਾ ਜਾਪ ਕੀਤਾ ਤਾਂ ਉਸ ਸਮੇਂ ਦੇ ਕਰੁਣਾਮਈ ਸਾਧੂ ਨੇ, ਉਸਦੀ ਪਤ ਦੀ ਰਾਖੀ ਕੀਤੀ।  ਕੌਲਾਂ ਨੇ ਛੇਵੇਂ ਪਾਤਸ਼ਾਹ ਦਾ ਸਿਮਰਣ ਕੀਤਾ ਤਾਂ ਮਹਾਰਾਜ ਨੇ ਬਹੁੜੀ ਕੀਤੀ। ਹੋਰ ਅਨੇਕਾਂ......।

- -   ਹੇ ਸੁਆਮੀ ਸ੍ਰੀ ਅਕਾਲ ਪੁਰਖ ਸਾਹਿਬ ਜੀਓ ! ਸਾਨੂੰ ਕੋਈ ਆਪਣਾ ਸਾਧੂ ਮਿਲਾ, ਜਿਸਦਾ ਜਾਪ ਜਪ ਕੇ ਸਾਨੂੰ ਪਰਮ ਗਤੀ ਦੀ ਪ੍ਰਾਪਤੀ ਹੋ ਜਾਵੇ।

ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੨੧ ਤੇ, ਫ਼ੁਰਮਾਣ ਹੈ ਕਿ ਸਾਧੂ ਗੁਰੂ ਦੇ ਮਿਲਣ ਨਾਲ, ਗੁਣਾਂ ਦਾ ਖ਼ਜ਼ਾਨੇ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ - 'ਸਾਧੂ ਸਤਗੁਰੁ ਜੇ ਮਿਲੈ  ਤਾ ਪਾਈਐ ਗੁਣੀ ਨਿਧਾਨੁ।।'

- -   ਜਿਨ੍ਹਾਂ ਸਾਧੂ ਜਨਾਂ ਦੇ ਦਰਸ਼ਨ ਕਰਕੇ ਮਨ ਵਿਚ ਵਿਗਾਸ, ਖੇੜਾ ਆ ਜਾਵੇ, ਮੈਂ ਹਰ  ਖਿਨ  ਉਨ੍ਹਾਂ  ਤੋਂ  ਬਲਿਹਾਰ ਜਾਂਦਾ ਹਾਂ, ਭਾਵ, ਆਪਾ ਸੌਂਪਦਾ ਹਾਂ।੧।

ਪੰਜਵੇਂ ਪਾਤਸ਼ਾਹ, ੨੦੭ ਪੰਨੇ ਤੇ, ਬਚਨ ਕਰਦੇ ਹਨ ਇਕ ਜਿਨ੍ਹਾਂ ਭਗਤਾਂ ਦਾ ਆਧਾਰ, ਨਾਮ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ - 'ਹਉ ਤਾ ਕੈ ਬਲਿਹਾਰੀ।। ਜਾ ਕੈ ਕੇਵਲ ਨਾਮੁ ਅਧਾਰੀ।।'  ਇਸੇ ਤਰ੍ਹਾਂ ਜੋ ਸੇਵਕ, ਆਪਣੇ ਪ੍ਰਭੂ ਨੂੰ ਭਾਉਂਦੇ ਹਨ, ਚੰਗੇ ਲਗਦੇ ਹਨ, ਮੈਂ ਆਪਣਾ ਆਪਾ ਉਨ੍ਹਾਂ ਤੋਂ ਕੁਰਬਾਨ ਕਰਦਾ ਹਾਂ - 'ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ।।' ਪੰਨਾ ੪੦੩.

ਪੰਨਾ ੧੬੪ ਤੇ ਵੀ ਵਾਹਿਗੁਰੂ ਦੇ ਭਗਤਾਂ ਦੀ ਸੰਗਤਿ ਮਿਲਾਉਣ ਲਈ ਵਾਹਿਗੁਰੂ ਜੀ ਨੂੰ ਬੇਨਤੀ ਕੀਤੀ ਗਈ ਹੈ ਕਿਉਂਕਿ ਉਨ੍ਹਾਂ ਦੇ ਮੇਲ ਨਾਲ ਜਨਮ ਮਰਣ ਦਾ ਦੁਖ ਖਤਮ ਹੁੰਦਾ ਹੈ - 'ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ।। ਜਿਨ ਮਿਲਿਆ ਦੁਖ ਜਾਹਿ ਹਮਾਰੇ।।'

ਪੰਨਾ ੬੬੭ ਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਪ੍ਰਭੂ ਸਾਨੂੰ, ਸਾਧੂ ਮਿਲਾ ਦੇਵੇ - 'ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ।।' , ਭਾਵ, ਚੌਥੇ ਨਾਨਕ ਬੇਨਤੀ ਕਰਦੇ ਹਨ ਕਿ ਹੇ ਵਾਹਿਗੁਰੂ ਜੀਓ ! ਸਾਨੂੰ ਸਾਧੂ ਜਨਾਂ ਦੀ ਸੰਗਤਿ ਬਖਸ਼ ਦਿਉ ਅਤੇ ਅਸੀਂ ਉਨ੍ਹਾਂ ਦੇ ਚਰਣਾਂ ਦੀ ਖ਼ਾਕ, ਧੂੜ ਬਣ ਜਾਈਏ।

ਭਗਤ ਕਬੀਰ ਜੀ ਵੀ, ਪੰਨਾ ੮੭੨ ਤੇ, ਫ਼ੁਰਮਾਣ ਕਰਦੇ ਹਨ ਕਿ ਜਿਵੇਂ ਆਮ ਕਰਕੇ, ਮਾਤਾ ਪਿਤਾ ਤੋਂ ਬਿਨਾਂ ਬਾਲਕ ਦਾ ਜਨਮ ਨਹੀਂ ਹੋ ਸਕਦਾ, ਤਰਲ (ਪਾਣੀ) ਬਿਨਾਂ ਕਪੜੇ ਕਿਵੇਂ ਧੋਤੇ ਜਾ ਸਕਦੇ ਹਨ, ਘੋੜੇ ਤੋਂ ਬਿਨਾਂ ਕੋਈ ਸਵਾਰ ਕਿਵੇਂ ਅਖਵਾ ਸਕਦਾ ਹੈ, ਇਸੇ ਤਰ੍ਹਾਂ ਸਾਧੂ ਦੀ ਸੰਗਤ ਕੀਤੇ ਬਿਨਾਂ ਵਾਹਗੁਰੂ ਦੇ ਦਰਬਾਰ ਵੀ ਨਹੀਂ ਪੁਜਿਆ ਜਾ ਸਕਦਾ - 'ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ।। ਬਿੰਬ ਬਿਨਾਂ ਕੈਸੇ ਕਪਰੇ ਧੋਈ।। ਘੋਰ ਬਿਨਾ ਕੈਸੇ ਅਸਵਾਰ।। ਸਾਧੂ ਬਿਨੁ ਨਾਹੀ ਦਰਵਾਰ।।'

ਹਰਿ ਹਿਰਦੈ ਜਪਿ ਨਾਮੁ ਮੁਰਾਰੀ ॥

ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥੧॥ ਰਹਾਉ ॥

-- ਹੇ ਮੇਰੇ ਮਨ! ਤੂੰ ਵੀ ਉਸ ਹਰੀ, ਮੂਰ ਰਾਖਸ਼ ਦਾ ਉਧਾਰ ਕਰਨ ਵਾਲੇ ਦਾ ਨਾਮ ਹਿਰਦੇ ਵਿਚ ਜਪ।

ਇਥੇ, 'ਮੁਰਾਰੀ' ਲਫ਼ਜ਼, ਭਾਵੇਂ, ਅਕਾਲ ਪੁਰਖ ਲਈ ਵਰਤਿਆ ਹੈ, ਪਰ ਉਸਨੇ ਮੂਰ ਰਾਖਸ਼ ਨੂੰ ਮਾਰਨ ਵਾਲੀ ਇਹ ਕਰਤਾਰੀ ਸ਼ਕਤੀ, ਉਸ ਵਕਤ ਪ੍ਰਗਟ ਕੀਤੀ, **ਗੁਰ-ਜੋਤਿ**, ਸ੍ਰੀ ਕ੍ਰਿਸ਼ਨ ਜੀ ਰਾਹੀਂ ਵਰਤੀ ਸੀ। ਅਨੇਕਾਂ ਭਗਤਾਂ ਨੇ, ਉਸ ਵਕਤ, ਉਸ ਕਰਤਾਰੀ ਸ਼ਕਤੀ ਦਾ ਨਾਮ ਜਪਿਆ ਸੀ। ਇਹ ਸਤਰਾਂ, ਉਸੇ ਕਰਤਾਰੀ ਸ਼ਕਤੀ ਰਾਹੀਂ ਪ੍ਰਗਟ ਹੋਈ **ਗੁਰ-ਜੋਤਿ**, ਸ੍ਰੀ ਗੁਰੂ ਰਾਮਦਾਸ ਮਹਾਰਾਜ ਨੇ ਉਚਾਰਣ ਕੀਤੀਆਂ ਹਨ, ਜਿਸ ਨੂੰ ਅਜ ਦੇ ਸਮੇਂ ਪਾਰਬ੍ਰਹਮ ਕਰਕੇ ਨਮਸਕਾਰ ਕੀਤੀ ਜਾ ਰਹੀ ਹੈ - 'ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ।।.. ਸਿਖੀ ਅਤੈ ਸੰਗਤੀ ਪਾਰਬ੍ਰਹਮ ਕਰਿ

ਨਮਸਕਾਰਿਆ।।.. ਜਿਨੀ ਤੂ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ।।' ਭਾਵ, ਜਿਨ੍ਹਾਂ ਨੇ ਵੀ ਉਸ ਪਾਰਬ੍ਰਹਮ ਦੇ ਦ੍ਰਿਸ਼ਟਮਾਨ ਰੂਪ, ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਸ਼ਰਧਾ, ਭਾਉ ਨਾਲ ਸੇਵਿਆ ਹੈ, ਭਾਵ, ਸਿਮਰਣ ਕੀਤਾ ਹੈ, ਉਹ ਉਸ ਨੇ ਸੰਸਾਰ ਸਾਗਰ ਤੋਂ ਪਾਰ ਕਰ ਦਿਤੇ। ਉਸ ਵਕਤ 'ਮੁਰਾਰੀ' ਦਾ ਸ੍ਰੀ ਕ੍ਰਿਸ਼ਨ ਦਾ ਰੂਪ ਸੀ, ਅਜ, ਕਲਜੁਗ ਵਿਚ, ਪਾਰਬ੍ਰਹਮ ਦੇ ਰੂਪ, 'ਨਾਨਕ' ਦੇ ਦਸ ਜਾਮੇ ਹਨ।

-- ਹੇ ਕਿਰਪਾ ਦੇ ਦਾਤੇ ਜਗਤ ਦੇ ਪਿਤਾ, ਭਾਵ, ਪਾਲਣਹਾਰ ਅਤੇ ਸੁਆਮੀ ! ਸਾਨੂੰ ਆਪਣੇ ਦਾਸਾਂ ਦੇ ਦਾਸਾਂ ਦਾ ਪਾਣੀ ਭਰਣ ਵਾਲਾ ਗੋਲਾ ਬਣਾ ਲੈ।੧।ਰਹਾਉ।

ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ, ਦਾਸ ਕਿਹਾ ਹੈ, ਉਨ੍ਹਾਂ ਦੇ ਦਾਸ ਹੋਏ - ਗੁਰਸਿਖ, ਖ਼ਾਲਸਾ, ਸਾਧੂ, ਸੰਤ, ਮਹਾਂਪੁਰਖ ਹਨ। ਉਨ੍ਹਾਂ ਦਾ ਦਾਸ ਹੋਣ ਲਈ ਅਰਜ਼ੋਈ ਹੈ। ਪਰ ਖ਼ਾਲਸਾ, ਗੁਰਸਿਖ ਉਹ ਹੈ ਜਿਸਦੇ ਹਿਰਦੇ ਵਿਚ ਨਾਮ ਦਾ ਰਸ, ਵਸ ਚੁਕਿਆ ਹੈ। ਜਿਨ੍ਹਾਂ ਬਾਰੇ ਦਸਮ ਪਿਤਾ ਦਾ ਫ਼ੁਰਮਾਣ ਹੈ - 'ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ।। ਪ੍ਰਭ ਮੈ ਮੋ ਮੈ ਤਾਸ ਮੈ ਰੰਚਕ ਨਾਹਿਨ ਭੇਵ।।' ਪੰਚਮ ਪਾਤਸ਼ਾਹ ਨੇ ਫ਼ੁਰਮਾਣ ਕੀਤਾ ਹੈ ਕਿ ਮੈਂ ਦਾਸਾਂ ਦੇ ਦਾਸ ਦੀ ਅਨੇਕ ਢੰਗਾਂ ਨਾਲ ਸੇਵਾ ਕਰਾਂ, ਤਕੜੀ ਵਿਚ, ਉਸ ਦੇ ਵੱਟੇ ਨਾਲ ਤੋਲ ਕੇ ਆਪਣੇ ਸਾਰੇ ਸੁਖ, ਉਸ ਦਾਸ ਤੋਂ ਕੁਰਬਾਨ ਕਰ ਦਿਆਂ ਅਤੇ ਉਸਦੇ ਅਗੇ, ਹਰੀ ਦੇ ਦਰਸ਼ਨ ਕਰਵਾਉਣ ਲਈ, ਤਰਲੇ ਮਿੰਨਤਾਂ ਕਰਾਂ, ਕਿਉਂਕਿ ਇਹ ਸਾਰੇ ਕੰਮ ਹਰੀ ਦੇ ਦਰਸ਼ਨ ਕਰਣ ਦੇ ਇਵਜ਼ ਵਿਚ ਬਹੁਤ ਥੋੜ੍ਹੇ ਹਨ - 'ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ।। ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ।।', ਪੰਨਾ ੨੦੪.

ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ ॥

ਤਿਨ ਕੀ ਸੇਵਾ ਲਾਇ ਹਰਿ ਸੁਆਮੀ ਤਿਨ ਸਿਮਰਤ ਗਤਿ ਹੋਇ ਹਮਾਰੀ ॥੨॥

-- ਅਜਿਹੇ ਸਾਧੂ, ਜਿਨ੍ਹਾਂ ਦੇ ਹਿਰਦੇ ਵਿਚ ਗੁਰੂ, ਬਨਵਾਰੀ ਵਸਿਆ ਹੁੰਦਾ ਹੈ, ਉਨ੍ਹਾਂ ਦੀ ਮੱਤ, ਸਮਝ ਉਤਮ ਹੁੰਦੀ ਹੈ ਅਤੇ ਵਾਹਿਗੁਰੂ ਦੇ ਦਰਬਾਰ ਵਿਚ ਇਜ਼ਤ ਵੀ ਉਤਮ ਹੁੰਦੀ ਹੈ,

-- ਹੇ ਸੁਆਮੀ ! ਮੈਨੂੰ ਉਨ੍ਹਾਂ ਦੀ ਸੇਵਾ ਵਿਚ ਲਗਾ ਦੇ ਅਤੇ ਮੈਂ ਹਰ ਵਕਤ ਅਜਿਹੇ ਮਹਾਤਮਾਂ ਦਾ ਧਿਆਨ ਧਰੀ ਰਖਾਂ, ਜਿਸ ਨਾਲ ਮੈਨੂੰ

ਪਰਮਗਤੀ ਪ੍ਰਾਪਤ ਹੋ ਜਾਵੇ।੨।

ਸ੍ਰੀ ਗੁਰੂ ਰਾਮਦਾਸ ਸਾਹਿਬ ਨੇ, ਪੰਨਾ ੧੧੩੫ ਤੇ, ਬੇਨਤੀ ਰੂਪ ਫ਼ੁਰਮਾਣ ਕੀਤਾ ਹੈ ਕਿ ਹੇ ਮਾਲਕ ਵਾਹਗੁਰੂ ! ਸਾਨੂੰ ਅਜਿਹੇ ਸਾਧੂ ਜਨ ਨਾਲ ਮਿਲਾਪ ਕਰਾ ਦਿਓ, ਜਿਸ ਦੇ ਜਪਣ ਨਾਲ ਸਾਡੇ ਦੁਖ ਦੂਰ ਹੋ ਜਾਣ, ਭਾਵ, ਪਰਮ ਗਤੀ ਦੀ ਪ੍ਰਾਪਤੀ ਹੋ ਜਾਏ - 'ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ।। ਜਿਨ ਮਿਲਿਆ ਦੁਖ ਜਾਹਿ ਹਮਾਰੇ।।'

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ ॥

ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ ॥੩॥

-- ਜਿਨ੍ਹਾਂ ਨੇ ਕੋਈ ਐਸਾ ਸਾਧੂ ਗੁਰੂ ਨਹੀਂ ਪਾਇਆ, ਉਹ ਵਾਹਿਗੁਰੂ ਦੇ ਦਰਬਾਰ ਵਿਚੋਂ ਧਕੇ ਮਾਰ ਕੇ ਕਢ ਦਿਤੇ ਜਾਣਗੇ।

ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ, ਸਾਧੂ ਨਾਲ ਮਿਲਾ ਦਿੰਦਾ ਹੈ ਉਨ੍ਹਾਂ ਦੀ, ਵਾਹਗੁਰੂ ਦੇ ਦਰਬਾਰ ਵਿਚ ਖ਼ਲਾਸੀ ਹੋ ਜਾਂਦੀ ਹੈ - 'ਜਿਨ ਕੌ ਸਾਧੂ ਭੇਟੀਐ ਦਰਗਹ ਹੋਇ ਖਲਾਸੁ।।', ਪੰਨਾ ੧੩੪.

-- ਫ਼ਿਰ ਅਜਿਹੇ ਸਾਧੂ ਜਨ ਦੀ ਨਿੰਦਾ ਕਰਨ ਵਾਲਿਆਂ ਨੂੰ ਤਾਂ ਦਰਗਾਹ ਦੇ ਵਿਚ ਸੋਭਾ ਕਦੇ ਪ੍ਰਾਪਤ ਨਹੀਂ ਹੋ ਸਕਦੀ, ਸਗੋਂ ਸਿਰਜਨਹਾਰ ਉਨ੍ਹਾਂ ਦੇ ਤਾਂ ਨਕ ਹੀ ਵਢ ਦਿੰਦਾ ਹੈ।੩।

ਪੰਚਮ ਪਾਤਸ਼ਾਹ ਨੇ, ਗੁਰੂ ਗ੍ਰੰਥ ਸਹਿਬ ਦੇ, ੨੮੦ ਪੰਨੇ ਤੇ, ਸੁਖਮਨੀ ਸਾਹਿਬ ਦੀ ਸਾਰੀ ਦੀ ਸਾਰੀ ੧੩ਵੀਂ ਅਸਟਪਦੀ ਵਿਚ, ਜੋ, ਸੰਤ, ਸਾਧੂ ਦੇ ਨਿੰਦਕ ਦੀ ਦੁਰਦਸ਼ਾ ਲਿਖੀ ਹੈ, ਉਹ ਇਤਨੀ ਭਿਆਨਕ ਹੈ ਕਿ ਬਿਆਨ ਕਰਨ ਤੋਂ ਬਾਹਰ ਹੈ।

ਹਰਿ ਆਪਿ ਬੁਲਾਵੈ ਆਪੇ ਬੋਲੈ ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ ॥

ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥੪॥੨॥੬॥

-- ਵਾਹਿਗੁਰੂ ਆਪ ਹੀ ਸਭ ਨੂੰ ਬੁਲਵਾਉਂਦਾ ਹੈ, ਅਸਲ ਬੋਲਣ ਵਾਲਾ ਤਾਂ ਉਹ ਆਪ ਹੀ ਹੈ, ਆਪ ਉਹ ਮਾਇਆ ਦੇ ਪ੍ਰਭਾਵ ਤੋਂ ਪਰ੍ਹਾਂ, ਆਕਾਰ ਰਹਿਤ ਅਤੇ ਆਹਾਰ ਤੋਂ ਬਿਨਾਂ ਹੋਂਦ ਰਖਣ ਵਾਲਾ ਹੈ।

-- ਚੌਥੇ ਨਾਨਕ ਫ਼ੁਰਮਾਣ ਕਰਦੇ ਹਨ ਕਿ ਹੇ ਵਾਹਿਗੁਰੂ ! ਜਿਸ ਨੂੰ

ਤੂੰ ਆਪ ਮਿਲਾਉਂਦਾ ਹੈ ਉਹ ਹੀ ਤੈਨੂੰ ਮਿਲਦਾ ਹੈ, ਇਹ ਜੰਤ ਕਿਥੋਂ ਦੇ ਵਿਚਾਰੇ ਹਨ, ਭਾਵ, ਜੀਵਾਂ ਦੇ ਵਸ ਤਾਂ ਕੁਝ ਵੀ ਨਹੀਂ।

ਸਾਰੇ ਸ਼ਬਦ ਦਾ ਭਾਵ ਇਹ ਹੈ ਕਿ ਜਿਸ ਨੂੰ ਉਹ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ, ਉਸ ਨੂੰ ਆਪਣਾ ਕੋਈ ਸਾਧੂ ਮਿਲਾ ਦਿੰਦਾ ਹੈ ਅਤੇ ਉਸ ਸਾਧੂ ਦੇ ਰਾਹੀਂ ਵਾਹਿਗੁਰੂ ਆਪ ਬਖਸ਼ਿਸ਼ ਕਰਕੇ, ਨਾਮ ਦਾ ਰੰਗ ਚੜ੍ਹਾ ਕੇ, ਮੇਲ ਲੈਂਦਾ ਹੈ। ਇਸ ਪ੍ਰਥਾਇੰ ੭੧ ਪੰਨੇ ਤੇ, ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਪਰਮਾਤਮਾ ਜਿਸ ਤੇ ਮਿਹਰ ਕਰਦਾ ਹੈ ਉਸ ਨੂੰ ਸਾਧੂ ਮਿਲਾ ਦਿੰਦਾ ਹੈ ਅਤੇ ਜਿਉਂ ਜਿਉਂ ਉਹ ਮਨੁਖ ਉਸ ਸਾਧੂ ਦੀ ਸੰਗਤਿ ਵਧਾਉਂਦਾ ਜਾਂਦਾ ਹੈ, ਤਿਉਂ ਤਿਉਂ ਹਰੀ ਦਾ ਰੰਗ ਵੀ ਵਧਦਾ ਜਾਂਦਾ ਹੈ - 'ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ।। ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ।।'



14.9.2020